# ਸਰਬੱਤ ਖ਼ਾਲਸਾ

# Sarbat Khalsa

ਗੁਰਮਤਿ ਸਿਧਾਂਤ ਪੰਚ-ਪ੍ਰਧਾਨੀ ਜੁਗਤਿ

**ਮਿਤੀ: ੨ ਅਗਸਤ, ੨੦੨੫**

ਸਤਿਕਾਰਯੋਗ ਸ: ਭਗਵੰਤ ਸਿੰਘ ਜੀ ਮਾਨ,
ਮੁਖ ਮੰਤਰੀ, ਪੰਜਾਬ।

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਿਹ।

**ਵਿਸ਼ਾ: ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਵੱਲੋਂ ਗੁਰੂ ਨਾਨਕ ਸਾਹਿਬ ਜੀ ਦੀ ਨਿਰਮਲ ਵਿਚਾਰਧਾਰਾ ਨੂੰ ਬ੍ਰਾਹਮਣਵਾਦ ਵਿਚ ਮਿਲਗੋਭਾ ਕਰਨ ਦੀ ਸਾਜਿਸ਼ ਦੇ ਦੋਸ਼ ਹੇਠ ਤੁਰੰਤ ਬਰਖ਼ਾਸਤ ਕੀਤਾ ਜਾਵੇ।**

ਸਰਬੱਤ ਖ਼ਾਲਸਾ ਜਥੇਬੰਦੀ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਮੌਜੂਦਾ ਉਪ-ਕੁਲਪਤੀ ਡਾ: ਕਰਮਜੀਤ ਸਿੰਘ ਵੱਲੋਂ ਰਾਸ਼ਟਰੀ ਸਵਯੰਸੇਵਕ ਸੰਘ (RSS) ਦੇ ਮੁਖੀ ਕੋਲ ਨਮਨ ਕਰ ਕੇ ਉਸ ਨੂੰ ਸਿੱਖੀ ਦਾ ਬ੍ਰਾਹਮਣੀਕਰਣ ਕਰਨ ਬਾਰੇ ਭਰੋਸਾ ਦਿਵਾਉਣਾ ਚਿੰਤਾਜਨਕ ਹੈ, ਜਿਸ ਦੀ ਸਮੀਖਿਆ ਹੋਣੀ ਚਾਹੀਦੀ ਹੈ।

ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥ *(ਪੰਨਾ 747)*

ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ *(ਪੰਨਾ 329)*

ਸਿੱਖੀ ਨਿਰਾਲੀ ਵਿਚਾਰਧਾਰਾ ਹੈ, ਜੋ ਰੱਬੀ ਹੁਕਮ ਨੂੰ ਸਮਝਕੇ ਸਚਿਆਰ ਜੀਵਨ ਬਣਾਉਣ ਦੇ ਅਧਾਰ 'ਤੇ ਖੜੀ ਹੈ। ਗੁਰਬਾਣੀ ਜਿੱਥੇ ਵੇਦਾਂ ਵਿੱਚ ਦੱਸੇ ਜਾਤ-ਪਾਤ ਦੇ ਵਿਤਕਰੇ ਨੂੰ ਨਕਾਰਦੀ ਹੈ, ਉੱਥੇ ਹੀ ਵੈਦਿਕ ਯੱਗ ਵਰਗੇ ਹਰ ਕਰਮਕਾਂਡ ਨੂੰ ਵੀ ਨਕਾਰਦੀ ਹੈ। ਕਰਮਕਾਂਡ ਪੁਜਾਰੀ ਵੱਲੋਂ ਬਣਾਈਆਂ ਜੰਜ਼ੀਰਾਂ ਹਨ, ਜਿਸ ਤੋਂ ਗੁਰਬਾਣੀ ਮੁਕਤ ਕਰਵਾਉਂਦੀ ਹੈ। ਸਿੱਖ ਵਿਚਾਰਧਾਰਾ ਬ੍ਰਾਹਮਣਵਾਦ ਤੋਂ ਠੀਕ ਉਲਟ ਹੈ, ਜਿਵੇਂ ਦਿਨ ਅਤੇ ਰਾਤ।

ਉਪ-ਕੁਲਪਤੀ ਡਾ: ਕਰਮਜੀਤ ਸਿੰਘ ਦੀ ਕਿਰਿਆ ਸਿਰਫ਼ ਇੱਕ ਵਿਅਕਤੀ ਦੀ ਗ਼ਲਤੀ ਨਹੀਂ, ਸਗੋਂ ਸਿੱਖ ਸੰਸਥਾਵਾਂ ਵਿਚ ਚੁੱਪ-ਚਾਪ ਕੀਤੀ ਜਾ ਰਹੀ ਬ੍ਰਾਹਮਣੀ ਘੁਸਪੈਠ ਦਾ ਨਤੀਜਾ ਹੈ। ਜਿਸ ਯੂਨੀਵਰਸਿਟੀ ਦਾ ਨਾਂ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਰੱਖਿਆ ਗਿਆ ਹੋਵੇ, ਉਥੋਂ ਦਾ ਪ੍ਰਮੁੱਖ ਅਧਿਕਾਰੀ ਬ੍ਰਾਹਮਣਵਾਦੀ ਦਖਲਅੰਦਾਜ਼ੀ ਦਾ ਹੀ ਏਜੰਟ ਬਣ ਗਿਆ ਹੋਵੇ, ਇਹ ਬ੍ਰਾਹਮਣਵਾਦੀ ਤਾਕਤਾਂ ਦੀ ਬਣ ਚੁਕੀ ਪੈਂਠ ਦੀ ਪੁਸ਼ਟੀ ਕਰਦਾ ਹੈ। ਸੰਘ ਪਰਿਵਾਰ ਇਨ੍ਹਾਂ ਹਮਲਿਆਂ ਰਾਹੀਂ ਸਿੱਖੀ ਨੂੰ ਨਿਗਲਕੇ ਇਸਦੇ ਨਿਰਪੱਖ ਅਤੇ ਇਨਕਲਾਬੀ ਸਰੂਪ ਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਯੂਨੀਵਰਸਿਟੀ ਇੱਕ ਸਰਕਾਰੀ ਵਿਦਿਅਕ ਸੰਸਥਾ ਹੈ, ਜਿਸ ਵਿਚ ਘੁਸਪੈਠ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਹ ਸਭ ਸਰਕਾਰੀ ਤੰਤਰ ਦੀ ਮਦਦ ਨਾਲ ਹੋ ਰਿਹਾ ਹੈ।

ਸਰਬੱਤ ਖ਼ਾਲਸਾ ਜਥੇਬੰਦੀ ਮੰਗ ਕਰਦੀ ਹੈ ਕਿ ਪੰਜਾਬ ਸਰਕਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ-ਕੁਲਪਤੀ ਨੂੰ ਤੁਰੰਤ ਬਰਖਾਸਤ ਕਰਨ ਲਈ ਕਦਮ ਚੁੱਕੇ।

ਸਿੱਖ ਬੌਧਿਕ ਵਰਗ ਨੂੰ ਇਸ ਬ੍ਰਾਹਮਣੀ ਦਾਖਲੇ ਦੇ ਖਿਲਾਫ਼ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਵੱਲੋਂ ਪੰਜ ਪ੍ਰਧਾਨੀ ਕੌਂਸਲ:
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।

**ਕਾਪੀ: ਐਡਵੋਕੇਟ ਸ: ਹਰਜਿੰਦਰ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।**